नामांक Roll No.

| | | | | | | |
|---|---|---|---|---|---|---|
| | | | | | | |

No. of Questions — 14

No. of Printed Pages — 7

**SS—25—Punjabi Sah.**

# उच्च माध्यमिक परीक्षा, 2015

# SENIOR SECONDARY EXAMINATION, 2015

## PUNJABI SAHITYA

**Time : 3 $\frac{1}{4}$ Hours**

**Maximum Marks : 80**

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਸਭ ਤੋਂ ਪਹਿਲਾਂ ਪ੍ਰੀਖਿਆਰਥੀ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ।
2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ।
4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਾਮਾਨ ਅੰਕ ਵਾਲ਼ੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ।
5. ਪ੍ਰਸ਼ਨ ਸੰਖਿਆ 4, 8 ਤੋਂ 10 ਅਤੇ 14 ਵਿੱਚ ਆਂਤਰਿਕ ਵਿਕੱਲਪ ਹੈ।

1. ਕਬੱਡੀ ਪੰਜਾਬ ਦੀ ਸਭ ਤੋਂ ਮਹੱਤਵਪੂਰਨ ਲੋਕ ਖੇਡ ਹੈ। ਪੰਜਾਬ ਦਾ ਕੋਈ ਵਿਅਕਤੀ ਅਜਿਹਾ ਨਹੀਂ, ਜਿਸਨੇ ਆਪਣੇ ਜੀਵਨ ਵਿੱਚ ਕਦੇ ਕਬੱਡੀ ਨਾ ਖੇਡੀ ਹੋਵੇ। ਇਹ ਖੇਡ ਪੰਜਾਬੀ ਸੱਭਿਆਚਾਰ ਦਾ ਅੰਗ ਹੈ। ਇਸ ਵਿੱਚ ਦੋ ਟੀਮਾਂ ਇੱਕ ਦਾਇਰੇ ਵਿੱਚ ਹੰਦੇ ਬਣਾ ਕੇ ਖੇਡਦੀਆਂ ਹਨ। ਇੱਕ ਟੀਮ ਦਾ ਇੱਕ ਖਿਡਾਰੀ 'ਕਬੱਡੀ ਕਬੱਡੀ' ਕਰਦਾ ਦੂਜੀ ਧਿਰ ਉੱਪਰ ਧਾਵਾ ਬੋਲ ਕੇ ਕਿਸੇ ਇੱਕ ਖਿਡਾਰੀ ਨੂੰ ਹੱਥ ਲਾ ਕੇ ਇੱਕੋ ਦਮ ਵਿੱਚ ਵਾਪਸ ਪਰਤ ਕੇ ਨੰਬਰ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਇਸ ਯਤਨ ਵਿੱਚ ਜੇਕਰ ਉਸ ਨੂੰ ਦੂਜੀ ਧਿਰ ਦਾ ਕੋਈ ਖਿਡਾਰੀ ਫੜ ਕੇ ਆਪਣੀ ਧਿਰ ਵਲ ਵਾਪਸ ਨਾ ਪਰਤਣ ਦੇਵੇ ਤੇ ਉਸ ਦਾ ਦਮ ਟੁੱਟ ਜਾਵੇ, ਤਾਂ ਨੰਬਰ ਦੂਜੀ ਧਿਰ ਨੂੰ ਮਿਲ ਜਾਂਦਾ ਹੈ। ਇਸ ਖੇਡ ਵਿੱਚ ਦਮ ਦੀ ਪਕਿਆਈ, ਕੁਸ਼ਤੀ, ਦੌੜ, ਪਕੜਾਂ, ਜਿਮਨਾਸਟਿਕ ਤੇ ਛਾਲ਼ ਆਦਿ ਦੀ ਬੜੀ ਜ਼ਰੂਰਤ ਹੁੰਦੀ ਹੈ। ਇਹ ਪੰਜਾਬੀਆਂ ਦੀ ਮਾਂ ਖੇਡ ਹੈ ਅਤੇ ਇਸ ਨੂੰ ਪੰਜਾਬ ਦੀ ਰਾਜ ਖੇਡ ਦਾ ਦਰਜਾ ਪ੍ਰਾਪਤ ਹੈ। ਇਸ ਨੂੰ ਤਕੜੇ ਜੁੱਸਿਆਂ ਵਾਲ਼ੇ ਪੰਜਾਬੀ ਹੀ ਖੇਡ ਸਕਦੇ ਹਨ।

(ੳ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਓ।

(ਅ) ਕਬੱਡੀ ਟੀਮਾਂ ਕਿਸ ਤਰ੍ਹਾਂ ਖੇਡਦੀਆਂ ਹਨ?

(ੲ) ਕਬੱਡੀ ਦੀ ਖੇਡ ਲਈ ਕਿਨ੍ਹਾਂ ਗੱਲਾਂ ਦੀ ਜ਼ਰੂਰਤ ਹੁੰਦੀ ਹੈ?

(ਸ) ਕਬੱਡੀ ਖੇਡ ਨੂੰ ਕਿਹੜੇ-ਕਿਹੜੇ ਦਰਜੇ ਪ੍ਰਾਪਤ ਹਨ?

(ਹ) ਹੇਠਲੇ ਸ਼ਬਦਾਂ ਦੇ ਪੈਰ੍ਹੇ ਦੇ ਆਧਾਰ 'ਤੇ ਅਰਥ ਲਿਖੋ : - $5 \times 2 = 10$

ਦਾਇਰਾ, ਧਾਵਾ, ਦਮ, ਜੁੱਸੇ।

2. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਪਰ ਲੇਖ ਲਿਖੋ :- 10

(ੳ) ਸ਼੍ਰੀ ਗੁਰੂ ਨਾਨਕ ਦੇਵ ਜੀ (ਅ) ਭਾਰਤ ਦਾ ਕੋਈ ਦੇਸ਼ ਭਗਤ

(ੲ) ਕੋਈ ਮਨਭਾਉਂਦਾ ਤਿਉਹਾਰ (ਸ) ਵਧਦੀ ਅਬਾਦੀ ਦੀ ਸਮੱਸਿਆ

(ਹ) ਦੇਸ਼ ਦੀ ਵਿੱਦਿਅਕ ਸਥਿਤੀ।

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਉੱਪਰ ਕਹਾਣੀ ਲਿਖੋ :- 5

(ੳ) ਹਾਥੀ ਤੇ ਦਰਜ਼ੀ

(ਅ) ਦੋ ਮਿੱਤਰ ਤੇ ਰਿੱਛ

(ੲ) ਖਰਗੋਸ਼ ਤੇ ਸ਼ੇਰ।

4. ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਆਪਣੇ ਸਕੂਲ ਵਿੱਚ ਮਨਾਏ ਗਏ ਪੰਦਰਾਂ ਅਗੱਸਤ (ਸੁਤੰਤਰਤਾ ਦਿਵਸ) ਦੇ ਸਮਾਗਮ ਸੰਬੰਧੀ ਪ੍ਰੈੱਸ ਨੋਟ ਲਿਖੋ। 1 + 3 + 1 = 5

**ਜਾਂ**

ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਆਪਣੇ ਸਕੂਲ ਦੇ ਨੌਜਵਾਨਾਂ ਵਿੱਚ ਵੱਧ ਰਹੀ ਨਸ਼ੇਖੋਰੀ ਦੀ ਆਦਤ 'ਤੇ ਕਾਬੂ ਪਾਉਣ ਲਈ, ਸਮਾਜਿਕ ਚੇਤਨਾ ਮੁਹਿੰਮ ਚਲਾਉਣ ਲਈ, ਪ੍ਰੈੱਸ ਨੋਟ ਲਿਖੋ।

5. (ੳ) ਕਿਸੇ ਦੋ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ :- 2

1. ਇੱਕ ਅੱਖ ਨਾਲ਼ ਵੇਖਣਾ। 2. ਸੋਨੇ ਤੇ ਸੁਹਾਗਾ ਹੋਣਾ।

3. ਘੱਟਾ ਛਾਣਨਾ। 4. ਪਾਣੀ ਪਾਣੀ ਹੋਣਾ।

(ਅ) ਕਿਸੇ ਤਿੰਨ ਅਖਾਣਾਂ ਦੇ ਅਰਥ ਦੱਸ ਕੇ ਵਾਕ ਬਣਾਓ :- 3

1. ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ।
2. ਜਿਹਦੀ ਕੋਠੀ ਦਾਣੇ ਉਹਦੇ ਕਮਲ਼ੇ ਵੀ ਸਿਆਣੇ।
3. ਕੋਲ਼ਿਆਂ ਦੀ ਦਲਾਲੀ ਵਿੱਚ ਮੂੰਹ ਕਾਲ਼ਾ।
4. ਅਕਲਾਂ ਬਾਝੋਂ ਖੂਹ ਖਾਲੀ।
5. ਖ਼ਵਾਜ਼ੇ ਦਾ ਗਵਾਹ ਡੱਡੂ।

6. ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ :- 3

ਕੜਕਵੀਂ ਆਵਾਜ਼ ਵਿੱਚ ਰਾਜੇ ਨੇ ਕਿਹਾ ਅਸੀਂ ਤੈਨੂੰ ਧਨ ਭੇਜਿਆ ਸੀ ਤੂੰ ਇਨਕਾਰ ਕਰ ਕੇ ਸਾਡਾ ਅਪਮਾਨ ਕੀਤਾ ਹੈ

7. (ੳ) ਹੇਠ ਲਿਖੇ ਵਾਕਾਂ ਦੀ ਵਾਕ ਵੰਡ ਕਰੋ :- 1 + 1 + 1 = 3

1. ਗੁਰਮੀਤ ਖੇਡਦਾ ਹੈ। (ਵਾਕ ਵਿੱਚ ਆਈ ਕਿਰਿਆ ਦੱਸੋ)
2. ਵਿਦਿਆਰਥੀ ਜਮਾਤ ਵਿੱਚ ਪੜ੍ਹ ਰਹੇ ਹਨ। (ਵਾਕ ਵਿੱਚੋਂ ਕਰਤਾ ਦੱਸੋ)
3. ਪੂਰਨ ਕਿਤਾਬ ਪੜ੍ਹ ਰਿਹਾ ਹੈ। (ਵਾਕ ਵਿੱਚੋਂ ਕਰਮ ਦੱਸੋ)

(ਅ) ਹੇਠ ਲਿਖੇ ਅਸ਼ੁੱਧ ਵਾਕਾਂ ਨੂੰ ਸ਼ੁੱਧ ਕਰ ਕੇ ਲਿਖੋ :- 1 + 1 = 2

1. ਘੋੜਾ ਦੌੜਦੀ ਹੈ।
2. ਕੁੱਤੇ ਭੌਂਕ ਰਿਹਾ ਹੈ।

(ੲ) ਪਦ-ਕਰਮ ਸੋਧ ਕੇ ਲਿਖੋ :- 1 + 1 = 2

1. ਉਹ ਕਿਹੜੀ ਗਲ਼ੀ ਖਲੀ ਨਹੀਂ ਭਾਗੋ ਜਿੱਥੇ ।
2. ਅਧਿਆਪਕ ਨੇ ਕਿਹਾ, ਰਾਖਾ ਹੈ ਰੱਬ ਸਭ ਦਾ।

8. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ ਇੱਕ ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-

1 + 1 + 1 + 1 = 4

(ੳ) ਸੁਪਨੇ ਵਿੱਚ ਤੁਸੀਂ ਮਿਲੇ ਅਸਾਨੂੰ, ਅਸਾਂ ਧਾ ਗਲ਼ਵੱਕੜੀ ਪਾਈ,
ਨਿਰਾ-ਨੂਰ ਤੁਸੀਂ ਹੱਥ ਨਾ ਆਏ, ਸਾਡੀ ਕੰਬਦੀ ਰਹੀ ਕਲਾਈ।
ਧਾ ਚਰਨਾਂ 'ਤੇ ਸੀਸ ਨਿਵਾਯਾ, ਸਾਡੇ ਮੱਥੇ ਛੁਹ ਨਾ ਪਾਈ।
ਤੁਸੀਂ ਉੱਚੇ ਅਸੀਂ ਨੀਵੇਂ ਸਾਂ, ਸਾਡੀ ਪੇਸ਼ ਨਾ ਗਈਆ ਕਾਈ।

1. ਉਪਰੋਕਤ ਕਾਵਿ-ਸਤਰਾਂ ਦੇ ਕਵੀ ਦਾ ਨਾਂ ਦੱਸੋ।
2. ਇਹ ਕਾਵਿ ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ?
3. 'ਨਿਰਾ ਨੂਰ' ਤੋਂ ਕੀ ਭਾਵ ਹੈ?
4. ਉਪਰੋਕਤ ਸਤਰਾਂ ਦਾ ਭਾਵ-ਅਰਥ ਲਿਖੋ।

(ਅ) ਕੱਚੀ ਕੰਧ ਮੁਹੱਬਤਾਂ ਵਾਲ਼ੀ
ਲਿੰਬਿਆ ਤੇ ਪੋਚਿਆ ਮੱਥਾ
ਫਿਰ ਵੀ ਇਸ ਦੀ ਵੱਖੀ ਵਿੱਚੋਂ
ਰਾਤੀਂ ਇੱਕ ਖਰੇਪੜ ਲੱਥਾ
ਅਸਲੋਂ ਜਿਵੇਂ ਮੁਘਾਰ ਹੋ ਗਿਆ
ਕੰਧ ਦੇ ਉੱਤੇ ਦਾਗ਼ ਪੈ ਗਿਆ।

1. ਉਪਰੋਕਤ ਕਾਵਿ-ਸਤਰਾਂ ਕਿਸ ਕਵਿਤਾ ਵਿੱਚੋਂ ਹਨ?
2. ਉਪਰੋਕਤ ਕਾਵਿ-ਪੰਗਤੀਆਂ ਦੇ ਕਵੀ ਦਾ ਨਾਂ ਲਿਖੋ।
3. ਉਪਰੋਕਤ ਕਾਵਿ-ਸਤਰਾਂ ਵਿੱਚ ਮੁਹੱਬਤ ਨੂੰ ਕੱਚੀ ਕੰਧ ਕਿਉਂ ਕਿਹਾ ਗਿਆ ਹੈ?
4. ਉਪਰੋਕਤ ਸਤਰਾਂ ਦਾ ਭਾਵ-ਅਰਥ ਲਿਖੋ।

9. ਕਿਸੇ ਇੱਕ ਕਾਵਿ-ਅੰਸ਼ ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :- 2 + 2 + 2 = 6

(ੳ) ਧਰਤੀ ਦੇ ਹੇਠਾਂ, ਧੌਲ ਹੈ,
ਧਰਮ ਹੈ, ਇੱਕ ਮੇਰੀ ਧੀ ਹੈ
ਧਰਤੀ ਤਾਂ ਬੋਝ ਹੈ
ਦੁੱਖ ਹੈ ਕੋਝ ਹੈ
ਸਹਿੰਦੀ ਹੈ ਧੀ
ਪਰ ਕਰਦੀ ਨਾ ਸੀ।

1. ਕਵੀ ਉਪਰੋਕਤ ਸਤਰਾਂ ਵਿੱਚ ਕਿਹੜੇ ਲੋਕ-ਵਿਸਵਾਸ਼ ਦਾ ਜ਼ਿਕਰ ਕਰਦਾ ਹੈ?
2. ਧਰਤੀ ਦਾ ਬੋਝ ਕੌਣ ਕਿਸ ਤਰ੍ਹਾਂ ਸਹਿੰਦਾ ਹੈ?
3. ਉਪਰੋਕਤ ਸਤਰਾਂ ਵਿੱਚ 'ਧੀ' ਨੂੰ ਕਿਸ ਨਾਲ਼ ਸੰਬੰਧਿਤ ਕਰ ਕੇ ਉਪਮਾਇਆ ਗਿਆ ਹੈ?

(ਅ) ਕਾਹਨੂੰ ਬਾਲ਼ਦਾ ਬਨੇਰਿਆਂ ਤੇ ਮੋਮਬੱਤੀਆਂ
ਲੰਘ ਜਾਣ ਦੇ ਬਜ਼ਾਰ 'ਚੋਂ ਹਵਾਵਾਂ ਤੱਤੀਆਂ
ਬੂਹੇ ਉੱਤੇ ਸ਼ਰਮਿੰਦਗੀ ਦੇ ਦਾਗ਼ ਰਹਿਣ ਦੇ
ਬਦਨਾਮ ਰਾਜਨੀਤੀ ਦੇ ਸੁਰਾਗ ਰਹਿਣ ਦੇ
ਆਉਣ ਵਾਲ਼ਿਆਂ ਨੇ ਅੱਜ ਦਾ ਕਸੂਰ ਲੱਭਣਾ
ਇਨ੍ਹਾਂ ਘਰਾਂ ਵਿੱਚ ਬੁਝੇ ਹੋਏ ਚਰਾਗ ਰਹਿਣ ਦੇ
ਕਿੱਥੇ ਜਾਏਗਾ? ਦਿਸ਼ਾਵਾਂ ਸਭ ਲਹੂ ਰੱਤੀਆਂ
ਕਾਹਨੂੰ ਬਾਲ਼ਦਾ ਬਨੇਰਿਆਂ ਤੇ ਮੋਮਬੱਤੀਆਂ।

1. ਇਹ ਕਵਿਤਾ ਕਿਸ ਨੂੰ ਸੰਬੋਧਿਤ ਹੈ?
2. 'ਤੱਤੀਆਂ ਹਵਾਵਾਂ' ਨੂੰ ਕਿਹੜੇ ਸੰਦਰਭ ਵਿੱਚ ਵਰਤਿਆ ਗਿਆ ਹੈ?
3. 'ਮੋਮਬੱਤੀਆਂ' ਸ਼ਬਦ ਦੀ ਵਰਤੋਂ ਕਿਸ ਲਈ ਕੀਤੀ ਗਈ ਹੈ ?

10. ਕਿਸੇ ਇੱਕ ਵਾਰਤਕ ਅੰਸ਼ ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-

$1\frac{1}{2} + 1\frac{1}{2} + 1\frac{1}{2} + 1\frac{1}{2} = 6$

(ੳ) ਹਾਲੇ ਓਪਰਾ ਕਰਦੀ ਐ, ਨਵਾਂ ਪਸ਼ੂ ਚਰ ਨ੍ਹੀ ਕਰਦਾ ਬਹੁਤਾ, ਸੁਰਾ ਨਸਲ ਐ ਮੇਰੀ ਜਾਚੇ ਮਸਾਂ ਬੱਕਰੀ ਜਿੰਨੀ ਖ਼ੁਰਾਕ ਹੁੰਦੀ ਐ, ਏਸ ਰਵੇ ਦੀ, ਤੇ ਦੁੱਧ ਦਿੰਦੈ ਰੱਜ ਕੇ। ਦਾਣੇ ਦੀ ਦੱਬ ਰੱਖਿਓ। .............. ਰਾਹ ਦੀ ਮਿੱਟੀ ਛੁਹਾ ਕੇ ਚੁੱਲ੍ਹੇ ਵਿੱਚ ਪਾ ਦਈਂ, ਚਿੰਤ ਕੁਰੇ, ਬਾਜ਼ੀ-ਰਾਜ਼ੀ ਨਜ਼ਰ ਤਾਂ ਪੱਥਰਾਂ ਨੂੰ ਪਾੜ ਜਾਂਦੀ ਐ।

1. ਇਹ ਸਤਰਾਂ ਕਿਸ ਕਹਾਣੀ ਵਿੱਚੋਂ ਹਨ ? ਕਹਾਣੀਕਾਰ ਦਾ ਨਾਂ ਵੀ ਦੱਸੋ ।
2. ਇਹ ਸ਼ਬਦ ਕਿਸ ਨੇ, ਕਿਸ ਨੂੰ ਤੇ ਕਦੋਂ ਕਹੇ?
3. ਸੁਰਾ ਨਸਲ ਦੇ ਜਾਨਵਰ ਕਿਹੋ ਜਿਹੇ ਹੁੰਦੇ ਹਨ?
4. ਇਨ੍ਹਾਂ ਸ਼ਬਦਾਂ ਰਾਹੀਂ ਕਿਹੜੇ ਵਹਿਮ ਦਾ ਪਤਾ ਲੱਗਦਾ ਹੈ?

(ਅ) ਇਹ ਦੋਵੇਂ ਮਾਸਟਰਨੀਆਂ ਨੇ। ਇੱਥੇ ਸ਼ਹਿਰ ਵਿੱਚ ਕਿਸੇ ਸਕੂਲੇ ਜਗ੍ਹਾ ਨਹੀਂ ਮਿਲੀ। ਪਿੰਡਾਂ ਵਿੱਚ ਨੌਕਰੀਆਂ ਮਿਲ ਜਾਂਦੀਆਂ ਨੇ। ਹੁਣ ਉੱਥੇ ਪੜ੍ਹਾਣ ਜਾਂਦੀਆਂ ਨੇ। ਬੜੀਆਂ ਬਹਾਦਰ ਨੇ ਇਹ ਕੁੜੀਆਂ। ਮੈਨੂੰ ਤੇ ਸ਼ਹਿਰੋਂ ਬਾਹਰ ਪੱਕੀ ਸੜ੍ਹਕ 'ਤੇ ਵੀ ਡਰ ਲੱਗੇ।

1. ਇਹ ਪੰਗਤੀਆਂ ਕਿਸ ਕਹਾਣੀ ਵਿੱਚੋਂ ਹਨ? ਕਹਾਣੀਕਾਰ ਦਾ ਨਾਂ ਵੀ ਦੱਸੋ।
2. ਇਹ ਸ਼ਬਦ ਕਿਸ ਨੇ, ਕਿਸ ਨੂੰ ਤੇ ਕਿਸ ਬਾਰੇ ਕਹੇ?
3. ਕੁੜੀਆਂ ਨੂੰ 'ਬਹਾਦਰ' ਕਿਉਂ ਕਿਹਾ ਗਿਆ ਹੈ?
4. ਕੁੜੀਆਂ ਨੌਕਰੀ ਕਰਨ ਕਿੱਥੇ ਜਾਂਦੀਆਂ ਸਨ?

11. ਕੋਈ ਚਾਰ ਪ੍ਰਸ਼ਨ ਕਰੋ :- $1 + 1 + 1 + 1 = 4$

(ੳ) 'ਖੰਭ' ਕਹਾਣੀ ਵਿੱਚ ਕਿਹੜੀ ਸਮੱਸਿਆ ਦਾ ਵਰਣਨ ਹੈ?

(ਅ) 'ਤਿੜਕਿਆ ਹੋਇਆ ਸ਼ੀਸ਼ਾ' ਕਹਾਣੀ ਦੇ ਕਹਾਣੀਕਾਰ ਦਾ ਨਾਂ ਦੱਸੋ।

(ੲ) ਨੰਦੂ ਕਿਹੜੇ ਇਲਾਕੇ ਦਾ ਰਹਿਣ ਵਾਲ਼ਾ ਸੀ ਅਤੇ ਉਸਦੀ ਮਾਂ-ਬੋਲੀ ਕਿਹੜੀ ਸੀ?

(ਸ) ਮੁੰਡੇ ਨੇ ਰਾਤ ਨੂੰ ਚੋਰੀ ਦੁੱਧ ਕਿਉਂ ਪੀਤਾ?

(ਹ) 'ਗਰਜ਼ਾਂ ਮਾਰੇ' ਕਹਾਣੀ ਦੇ ਆਰੰਭ ਵਿੱਚ ਮਜ਼ਦੂਰਾਂ ਨੂੰ ਲਿਜਾਣ ਵਾਸਤੇ ਕਿਸ-ਕਿਸ ਨੇ ਕਿੰਨੀ-ਕਿੰਨੀ ਬੋਲੀ ਲਾਈ?

12. ਕੋਈ ਦੋ ਸੁਆਲ ਕਰੋ :- 3 + 3 = 6

(ੳ) ਕਿਸ਼ਨ ਦੇਈ ਜਾਂ ਵਜ਼ੀਰਾ ਦੀ ਪਾਤਰ ਉਸਾਰੀ ਕਰੋ।

(ਅ) 'ਬੇਬੇ ਰਾਮ ਭਜਨੀ' ਇਕਾਂਗੀ ਦੀ ਸਮੱਸਿਆ ਆਪਣੇ ਸ਼ਬਦਾਂ ਵਿੱਚ ਲਿਖੋ।

(ੲ) ਮੁਸਾਫ਼ਰਾਂ ਦੇ ਸਾਧੂਆਂ ਬਾਰੇ ਕੀ ਵਿਚਾਰ ਹਨ?

13. ਕਿਸੇ ਦੋ ਸੁਆਲਾਂ ਦੇ ਜੁਆਬ ਦਿਓ :- 2 + 2 = 4

(ੳ) 'ਜਫ਼ਰਨਾਮਾ' ਇਕਾਂਗੀ ਦੀ ਸਮੱਸਿਆ ਸੰਖੇਪ ਕਰ ਕੇ ਆਪਣੇ ਸ਼ਬਦਾਂ ਵਿੱਚ ਲਿਖੋ ।

(ਅ) ਸਿਪਾਹੀ ਆਪਣੇ ਇਲਾਕੇ ਬਾਰੇ ਥਾਣੇਦਾਰ ਨੂੰ ਕੀ ਕੁੱਝ ਦੱਸਦਾ ਹੈ?

(ੲ) ਪ੍ਰਸੰਗ ਸਹਿਤ ਵਿਆਖਿਆ ਕਰੋ :-

ਇਹ ਤੁਹਾਡੀ ਪੀੜ੍ਹੀ ਦੀ ਆਦਤ ਬਣ ਗਈ ਏ ਕਿ ਹਰ ਇੱਕ ਚੀਜ਼ ਨੂੰ ਉਲਟਾ ਕਰ ਕੇ ਦੇਖੋ।

14. ਪੰਜਾਬੀ ਇਕਾਂਗੀ ਇਤਿਹਾਸ ਉੱਪਰ ਚਾਨਣਾ ਪਾਓ। 5

**ਜਾਂ**

ਆਧੁਨਿਕ ਪੰਜਾਬੀ ਕਹਾਣੀ ਦੇ ਇਤਿਹਾਸ ਉੱਪਰ ਸੰਖੇਪ ਨੋਟ ਲਿਖੋ। ।